# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ:ਮੁੱਖ ਲੇਖਾ ਅਫਸਰ, ਪੈਨਸ਼ਨ ਆਡਿਟ ਸੈਕਸ਼ਨ ਪਟਿਆਲਾ)

ਵੱਲ,

ਸਾਰੇ ਮੁੱਖ ਇੰਜੀ:/ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟਾ:ਕਾ:ਲਿਮ:,
ਸਾਰੇ ਨਿਗ:ਇੰਜੀ:/ ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟਾ:ਕਾ:ਲਿਮ:,
ਸਾਰੇ ਉਪ ਸਕੱਤਰ/ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟਾ:ਕਾ:ਲਿਮ:
ਸਾਰੇ ਉਪ ਮੁੱਖ ਲੇਖਾ ਅਫਸਰ, ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟਾ:ਕਾ:ਲਿਮ:,,
ਸਾਰੇ ਡੀ.ਡੀ.ਓਜ਼, ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟਾ:ਕਾ:ਲਿਮ:,

ਪੱਤਰ ਨੰ: 2301/3000 ਮਿਤੀ 3.7.2012

ਵਿਸ਼ਾ: ਪ੍ਰੋਵੀਜ਼ਨਲ ਪੈਨਸ਼ਨ ਅਦਾ ਕਰਨ ਸਬੰਧੀ।

ਇਹ ਦੇਖਣ ਵਿਚ ਆਇਆ ਹੈ ਕਿ ਡੀ.ਡੀ.ਓਜ਼ ਵੱਲੋ ਰਿਟਾਇਰਡ ਕਰਮਚਾਰੀਆਂ/ਅਧਿਕਾਰੀਆਂ ਨੂੰ ਨਿਯੁਕਤੀ ਅਧਿਕਾਰੀ ਵੱਲੋ ਲਗਾਈ ਗਈ ਪ੍ਰੋਵੀਜ਼ਨਲ ਪੈਨਸ਼ਨ ਉਨ੍ਹਾਂ ਵੱਲੋ ਜਾਰੀ ਕੀਤੇ ਦਫਤਰੀ ਹੁਕਮ ਦੇ ਅਧਾਰ ਤੇ ਹੀ ਅਦਾ ਕਰਨੀ ਸੁਰੂ ਕਰ ਦਿੱਤੀ ਜਾਂਦੀ ਹੈ। ਜਦੋ ਕਿ ਕਾਰਪੋਰੇਸ਼ਨ ਦੀਆਂ ਹਦਾਇਤਾਂ ਅਨੁਸਾਰ ਨਿਯੁਕਤੀ ਅਧਿਕਾਰੀ ਵੱਲੋ ਪ੍ਰੋਵੀਜ਼ਨਲ ਪੈਨਸ਼ਨ ਮਨਜੂਰ ਕਰਨ ਦਾ ਦਫਤਰੀ ਹੁਕਮ ਜਾਰੀ ਕਰਨ ਤੋ ਬਾਅਦ ਇਹ ਪ੍ਰੋਵੀਜ਼ਨਲ ਪੈਨਸ਼ਨ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਤੋ ਪੜਤਾਲ ਕਰਾਉਣ ਉਪਰੰਤ ਜਿਸ ਡੀ.ਡੀ.ਓਜ਼ ਨੂੰ ਲੇਖਾ ਅਫਸਰ ਪੈਨਸ਼ਨ ਆਡਿਟ ਪ੍ਰੋਵੀਜ਼ਨਲ ਪੈਨਸ਼ਨ ਅਦਾ ਕਰਨ ਲਈ ਅਧਿਕਾਰਤ ਕਰਦਾ ਹੈ ਉਸ ਵੱਲੋ ਹੀ ਕਰਨੀ ਬਣਦੀ ਹੈ, ਅਜਿਹਾ ਨਾ ਕਰਨ ਦੀ ਸੂਰਤ ਵਿਚ ਜੇਕਰ ਰਿਟਾਇਰਡ ਕਰਮਚਾਰੀ/ਅਧਿਕਾਰੀ ਨੂੰ ਪ੍ਰੋਵੀਜ਼ਨਲ ਪੈਨਸ਼ਨ ਕਿਸੇ ਹੋਰ ਸਥਾਨ ਤੋ ਦੇ ਦਿੱਤੀ ਜਾਂਦੀ ਹੈ ਅਤੇ ਰੈਗੂਲਰ ਪੈਨਸ਼ਨ ਕਿਸੇ ਹੋਰ ਡੀ.ਡੀ.ਓਜ਼ ਤੋ ਲੈ ਲੈਂਦਾ ਹੈ ਤਾਂ ਇਸ ਤਰ੍ਹਾਂ ਹੋ ਜਾਣ ਨਾਲ ਪ੍ਰੋਵੀਜ਼ਨਲ ਪੈਨਸ਼ਨ ਰੈਗੂਲਰ ਪੈਨਸ਼ਨ ਅਦਾ ਕਰਨ ਵੇਲੇ ਐਡਜਸਟ ਨਹੀਂ ਹੋ ਸਕੇਗੀ ਜਿਸ ਨਾਲ ਵਾਧੂ ਅਦਾਇਗੀ ਹੋ ਜਾਵੇਗੀ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰੋਵੀਜ਼ਨਲ ਪੈਨਸ਼ਨ ਲੇਖਾ ਅਫਸਰ ਪੈਨਸ਼ਨ ਆਡਿਟ ਦੀ ਪੂਰਵ ਪੜਤਾਲ ਪ੍ਰਵਾਨਗੀ ਤੋ ਬਿਨਾਂ ਨਾ ਲਗਾਈ ਜਾਵੇ। ਇੰਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿਚ ਕਿਸੇ ਵੀ ਵਾਧੂ ਅਦਾਇਗੀ ਤੋ ਬਚਿਆ ਜਾ ਸਕੇ, ਅਜਿਹਾ ਨਾ ਕਰਨ ਦੀ ਸੂਰਤ ਵਿਚ ਵਾਧੂ ਅਦਾਇਗੀ ਦੀ ਜਿੰਮੇਵਾਰੀ ਸਬੰਧਤ ਡੀ.ਡੀ.ਓਜ਼ ਦੀ ਹੋਵੇਗੀ।

ਇਹ ਮੁੱਖ ਲੇਖਾ ਅਫਸਰ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਲੇਖਾ ਅਫਸਰ, ਪੈਨਸ਼ਨ ਅਤੇ ਫੰਡਜ਼
ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਪਿ:ਅੰ:ਨੰ: 3001 ਮਿਤੀ 3.7.2012

ਉਪਰੋਕਤ ਦਾ ਉਤਾਰਾ ਮੁੱਖ ਪ੍ਰਬੰਧਕੀ (ਪੈਨਸ਼ਨ ਮੋਬਾਇਲ ਸ਼ਾਖਾ) ਪੰ.ਰਾ:ਪਾ:ਕਾ:ਲਿਮ: ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਰਿਟਾਇਰੀਆਂ ਦੇ ਕੇਸ ਇਸ ਦਫਤਰ ਨੂੰ ਭੇਜਦੇ ਸਮੇਂ ਸਬੰਧਤ ਦਫਤਰ ਤੋ ਇਹ ਤਸਦੀਕ ਕਰਵਾ ਕੇ ਭਿਜਵਾਇਆ ਜਾਵੇ ਕਿ ਰਿਟਾਇਰੀ ਜੇਕਰ ਕੋਈ ਪ੍ਰੋਵੀਜ਼ਨਲ ਪੈਨਸ਼ਨ ਲੈ ਰਿਹਾ ਹੈ ਤਾਂ ਉਹ ਕਿਹੜੇ ਦਫਤਰ ਤੋ ਪ੍ਰਾਪਤ ਕਰ ਰਿਹਾ ਹੈ ਅਤੇ ਲੇਖਾ ਅਫਸਰ ਪੈਨਸ਼ਨ ਵੱਲੋ ਜਿਸ ਪਿ:ਅੰ:ਨੰ: ਰਾਹੀਂ ਇਹ ਪ੍ਰੋਵੀਜ਼ਨਲ ਪੈਨਸ਼ਨ ਅਦਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ ਉਸ ਦੀ ਕਾਪੀ ਪੈਨਸ਼ਨ ਕੇਸ ਨਾਲ ਭੇਜਣੀ ਯਕੀਨੀ ਬਣਾਈ ਜਾਵੇ।

ਉਪ ਮੁੱਖ ਲੇਖਾ ਅਫਸਰ, ਪੈਨਸ਼ਨ ਅਤੇ ਫੰਡਜ਼
ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਕਾ:ਕਾ::- ਨਿਗ:ਇੰਜੀ:/ਆਈ.ਟੀ. ਨੂੰ ਮੁੱਖ ਲੇਖਾ ਅਫਸਰ, ਪੰ.ਰਾ:ਪਾ:ਕਾ:ਲਿਮ: ਦੀ ਸਾਈਟ ਤੇ ਅੱਪਲੋਡ ਕਰਨ ਲਈ ਭੇਜਿਆ ਜਾਂਦਾ ਹੈ।